ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ, ਐਸ.ਏ.ਐਸ. ਨਗਰ

ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ

(ਦਫਤਰੀ ਅਮਲਾ ਸ਼ਾਖਾ)

(ਵੈਬਸਾਈਟ ਰਾਹੀਂ)

ਹੁਕਮ ਨੰ. 555666/

ਮਿਤੀ:13-11-26

ਇਸ ਦਫਤਰ ਦੇ ਹੁਕਮ ਨੰ:555666/2026343432-38, ਮਿਤੀ 13-11-26 ਰਾਹੀਂ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਚੁੱਣੇ ਗਏ 30 ਉਮੀਦਵਾਰਾਂ ਨੂੰ ਸਟੇਸ਼ਨ ਅਲਾਟ ਕੀਤਾ ਗਿਆ ਸੀ। ਇਨ੍ਹਾਂ ਉਮੀਦਵਾਰਾਂ ਵਿਚੋਂ ਸ੍ਰੀ ਜਪਹਿਰਦੇਪਾਲ ਸਿੰਘ, ਪੁੱਤਰ ਲੇਟ ਸ੍ਰੀ ਪਵਨਪ੍ਰੀਤ ਸਿੰਘ, ਲਾਇਬ੍ਰੇਰੀ ਅਟੇਡੈਂਟ, ਸਸਸਸ ਨੈਸ਼ਹਿਰਾ ਪੰਨੂਆ (ਮੁੰ), ਤਰਨ ਤਾਰਨ ਨੂੰ ਬਤੌਰ ਕਲਰਕ "ਸਸਸਸ ਜਗਦੇਵ ਕਲਾਂ (ਅੰਮ੍ਰਿਤਸਰ)" ਸਟੇਸ਼ਨ ਅਲਾਟ ਕੀਤਾ ਗਿਆ ਸੀ। ਜਾਰੀ ਕੀਤੇ ਸਟੇਸ਼ਨ ਹੁਕਮਾਂ ਵਿੱਚ ਸੋਧ ਕਰਦੇ ਹੋਏ ਸ੍ਰੀ ਜਪਹਿਰਦੇਪਾਲ ਸਿੰਘ, ਪੁੱਤਰ ਲੇਟ ਸ੍ਰੀ ਪਵਨਪ੍ਰੀਤ ਸਿੰਘ ਨੂੰ **"ਸਰਕਾਰੀ ਹਾਈ ਸਕੂਲ ਮੱਲੂਨੰਗਲ (ਅੰਮ੍ਰਿਤਸਰ)"** ਸਟੇਸ਼ਨ ਅਲਾਟ ਕੀਤਾ ਜਾਂਦਾ ਹੈ।

ਉਮੀਦਵਾਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਤਾਇਨਾਤੀ ਵਾਲੇ ਸਟੇਸ਼ਨ ਤੇ 07 ਦਿਨਾਂ ਦੇ ਅੰਦਰ-ਅੰਦਰ ਆਪਣੀ ਹਾਜ਼ਰੀ ਰਿਪੋਰਟ ਅਤੇ ਅਸਲ ਮੈਡੀਕਲ ਫਿਟਨੈਸ ਸਰਟੀਫਿਕੇਟ ਸਬੰਧਤ ਸਕੂਲ ਮੁੱਖੀ ਨੂੰ ਪੇਸ਼ ਕਰਨਗੇ। ਕਰਮਚਾਰੀ ਦੀ ਤਨਖਾਹ ਸਬੰਧਤ ਸਕੂਲ ਵਿੱਚ ਹਾਜ਼ਰੀ ਦੀ ਮਿਤੀ ਤੋਂ ਮਿਲਣਯੋਗ ਹੋਵੇਗੀ।

ਸਕੱਤਰ ਸਿੰਘ ਬੱਲ, ਪੀ.ਸੀ.ਐਸ.
ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ

ਪਿੱਠ ਅੰਕਣ ਨੰ:ਉਕਤ/2026344106-110 ਮਿਤੀ, ਐਸ.ਏ.ਐਸ ਨਗਰ: 13/11/2026

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ।
2. ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ., ਐ.ਸਿ), ਪੰਜਾਬ ਨੂੰ ਲਿਖਿਆ ਜਾਂਦਾ ਹੈ ਕਿ ਸਬੰਧਤ ਸਕੂਲ ਅਤੇ ਉਮੀਦਵਾਰ ਨੂੰ ਆਪਣੇ ਪੱਧਰ ਤੇ ਹੁਕਮ ਸਰਵ ਕਰਵਾਏ ਜਾਣ।(ਈ-ਮੇਲ ਰਾਹੀਂ)
3. ਸਬੰਧਤ ਸਕੂਲ ਮੁੱਖੀ/ਦਫਤਰ ਦੇ ਮੁੱਖੀ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਇਹਨਾਂ ਨਵ-ਨਿਯੁਕਤ ਉਮੀਦਵਾਰਾਂ ਨੂੰ ਹਾਜ਼ਰ ਕਰਵਾਉਣ ਤੋਂ ਪਹਿਲਾਂ ਹੇਠ ਲਿਖੀਆਂ ਹਦਾਇਤਾਂ ਦੀ ਪਾਲਣਾ ਕਰਨਗੇ(ਜਿ:ਸਿ:ਅ ਰਾਹੀਂ):-
    - ਨਵ ਨਿਯੁਕਤ ਉਮੀਦਵਾਰਾਂ ਦਾ ਅਸਲ ਮੈਡੀਕਲ ਫਿਟਨੈਸ ਸਰਟੀਫਿਕੇਟ ਚੈੱਕ ਕਰਨਗੇ ਅਤੇ ਫਿੱਟ ਪਾਏ ਜਾਣ ਉਪਰੰਤ ਹੀ ਨਵ ਨਿਯੁਕਤ ਉਮੀਦਵਾਰ ਨੂੰ ਜੁਆਇੰਨ ਕਰਵਾਉਣਗੇ।
    - ਨਵ ਨਿਯੁਕਤ ਉਮੀਦਵਾਰ ਦੇ ਵਿਦਿਅਕ ਯੋਗਤਾ ਸਬੰਧੀ ਮੁਕੰਮਲ ਦਸਤਾਵੇਜ਼ ਸਬੰਧੀ ਵੇਰਵੇ ਬਾਰਿਕੀ ਨਾਲ ਚੈਕ ਕਰਨਗੇ ਅਤੇ ਸਬੰਧਤ ਸੰਸਥਾ ਤੋਂ ਵੈਰੀਫਾਈ ਕਰਵਾਉਣਗੇ। ਦਸਤਾਵੇਜ਼ ਵੈਰੀਫਿਕੇਸ਼ਨ ਉਪਰੰਤ ਜੇਕਰ ਕਿਸੇ ਕਰਮਚਾਰੀ ਦੀ ਰਿਪੋਰਟ ਠੀਕ ਨਹੀਂ ਪਾਈ ਜਾਂਦੀ ਤਾਂ ਇਸ ਸਬੰਧੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਰਾਹੀਂ ਉਸ ਕਰਮਚਾਰੀ ਦੀ ਰਿਪੋਰਟ ਮੁੱਖ ਦਫਤਰ ਨੂੰ ਭੇਜਣੀ ਯਕੀਨੀ ਬਣਾਉਣਗੇ।
    - ਇਹਨਾਂ ਨੂੰ ਹਾਜ਼ਰ ਕਰਵਾਉਣ ਉਪਰੰਤ ਇਹਨਾਂ ਦਾ ਡਾਟਾ ਈ-ਪੰਜਾਬ ਪੋਰਟਲ ਤੇ ਅਪਲੋਡ ਕਰਵਾਉਣਾ ਯਕੀਨੀ ਬਣਾਉਣਗੇ।
    - ਨਵ ਨਿਯੁਕਤ ਉਮੀਦਵਾਰ ਦੀ ਹਾਜ਼ਰੀ ਰਿਪੋਰਟ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨੂੰ ਭੇਜਣੀ ਯਕੀਨੀ ਬਣਾਈ ਜਾਵੇ।
4. ਇੰਚਾਰਜ, ਐਮ.ਆਈ.ਐਸ ਵਿੰਗ, ਦ:ਡੀ.ਜੀ.ਐਸ.ਈ, ਪੰਜਾਬ।
5. ਸਬੰਧਤ ਕਰਮਚਾਰੀ।

13/11/2026
ਸਹਾਇਕ ਰਜਿਸਟਰਾਰ